ੴ ਸਤਿਗੁਰ ਪ੍ਰਸਾਦਿ ॥

ਟ੍ਰੈਕਟ ਨੰ:
121

ਪਰਾਈ ਅਮਾਨ

MATA GUJRI LIBRARY
G.T.B. GURDWARA
EAST PARK ROAD
LEICESTER
TEL: 0116 276 0517

ਪ੍ਰਕਾਸ਼ਕ
ਗੁਰਮਤਿ ਪ੍ਰਚਾਰ ਸਭਾ,
ਪਟਿਆਲਾ (ਭਾਰਤ)

ਫਰਵਰੀ	ਸੰਮਤ ਖ਼ਾਲਸਾ	ਪਹਿਲੀ ਵਾਰ
੧੯੯੮	੨੯੯	੨੦,੦੦੦

ਆਪ ਪੜ੍ਹ ਕੇ ਹੋਰਨਾਂ ਨੂੰ ਵੀ ਪੜਾਓ ਜੀ ।

ਜਾਣਕਾਰੀ

ਪਾਠਕਾਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਸਭਾ ਵੱਲੋਂ 'ਕੁਝ ਸੱਚੀਆਂ ਵਾਰਤਾਵਾਂ' ਦੇ ਸਿਰਲੇਖ ਹੇਠ ਹਰ ਮਹੀਨੇ ਇਕ ਬੁਕਲੈਟ ਛਾਪਣ ਦਾ ਉਪਰਾਲਾ ਗੁਰੂ ਕਿਰਪਾ ਨਾਲ ਸ਼ੁਰੂ ਹੋਇਆ ਹੈ। ਇਸ ਸਮੇਂ ਤਕ (1) ਜਮਦੂਤ ਛਡਿ ਜਾਹਿ (2) ਨਾਮੁ-ਸਹਾਈ (3) ਵਿਚਿ ਦੁਨੀਆ ਸੇਵਿ ਕਮਾਈਐ - ਛਪ ਚੁੱਕੀਆਂ ਹਨ।

ਵਧੀਆ ਕਾਗਜ਼ ਉਤੇ ਸੁੰਦਰ ਛਪਾਈ ਅਤੇ ਵਧੀਆ ਦਿਖ ਵਾਲਾ ਤਿੰਨ ਰੰਗਾ ਟਾਈਟਲ, ਲੈਮੀਨੇਸ਼ਨ ਸਹਿਤ, ਮਾਮੂਲੀ ਭੇਟਾ ਕੇਵਲ 2/- ਰੁ: ਪ੍ਰਤੀ, ਡਾਕ ਖ਼ਰਚ ਸਮੇਤ ਦੇਣ ਦਾ ਫੈਸਲਾ ਇਸ ਲਈ ਕੀਤਾ ਗਿਆ ਹੈ ਤਾਂ ਜੁ ਧਰਮ ਪ੍ਰਚਾਰ ਲਈ ਰੁਚੀ ਰਖਣ ਵਾਲੇ ਵਧ ਤੋਂ ਵੱਧ ਮੰਗਵਾ ਕੇ ਆਪਣੇ ਬੱਚਿਆਂ ਅਤੇ ਸਾਕ-ਸਨੇਹੀਆਂ ਵਿਚ ਵੰਡਣ ਦੀ ਸੇਵਾ ਕਰ ਸਕਣ।

ਇਹ ਅਤੇ ਇਸ ਤਰ੍ਹਾਂ ਦੇ ਹਰ ਮਹੀਨੇ ਛਪਣ ਵਾਲੇ ਟ੍ਰੈਕਟ 50/- ਰੁ: ਸੈਂਕੜਾ ਦੇ ਹਿਸਾਬ ਮੰਗਵਾਉਣ ਲਈ ਭੇਟਾ ਮਨੀਆਰਡਰ ਜਾਂ ਬੈਂਕ ਡਰਾਫ਼ਟ ਸ: ਦੀਦਾਰ ਸਿੰਘ C-129, ਵਿਕਾਸ ਕਾਲੋਨੀ, ਪਟਿਆਲਾ 147003 ਦੇ ਨਾਂ ਭੇਜੀ ਜਾਏ। ਦਸਤੀ ਆ ਕੇ ਲੈਣ ਵਾਲੇ 'ਗੁਰਸਿੱਖ ਫੁਲਵਾੜੀ ਪਬਲਿਕ ਸਕੂਲ', ਗੁਰਬਖਸ਼ ਕਾਲੋਨੀ, ਗਲੀ ਨੰ: 6 ਤੋਂ ਸਵੇਰੇ 8 ਤੋਂ ਸ਼ਾਮ 6 ਵਜੇ ਤੱਕ ਆ ਕੇ ਲੈ ਸਕਦੇ ਹਨ।

ਨੋਟ : ਮਨੀਆਰਡਰ ਦੇ ਹੇਠਾਂ ਕੂਪਨ ਤੇ ਆਪਨਾ ਨਾਂ ਪਤਾ ਤੇ ਵੇਰਵਾ ਜ਼ਰੂਰ ਲਿਖੋ ਜੀ।

ਪ੍ਰਾਰਥਕ

DESIGNED BY A.S. COMPUTER GRAPHICS, PTA.

ਪਰਾਈ ਅਮਾਣ

ਅੱਜ ਕਲ੍ਹ ਸਾਡੇ ਦੇਸ਼ ਵਿਚ ਆਜ਼ਾਦੀ ਦੀ ਗੋਲਡਨ-ਜਬਲੀ ਮਨਾਉਣ ਦੀ ਚਰਚਾ ਅਖਬਾਰਾਂ ਵਿਚ ਆਮ ਚਲ ਰਹੀ ਹੈ। ਆਜ਼ਾਦੀ ਮਿਲਣ ਸਮੇਂ ਵਾਪਰੀਆਂ ਘਟਨਾਵਾਂ ਵਿਚੋਂ ਕਦੀ ਕਦੀ ਕੋਈ ਜ਼ਿਕਰ ਵੀ ਛਪਦਾ ਰਹਿੰਦਾ ਹੈ। ਅੱਸੀਂ ਵੀ ਅੱਜ ਤੋਂ ੫੦ ਸਾਲ ਪਹਿਲਾਂ ਅਰਥਾਤ ੧੯੪੭ ਵਿਚ ਦੇਸ਼ ਨੂੰ ਮਿਲੀ ਆਜ਼ਾਦੀ ਸਮੇਂ, ਦੇਸ਼ ਦੀ ਹੋਈ ਵੰਡ (ਭਾਰਤ ਅਤੇ ਪਾਕਿਸਤਾਨ ਬਣਨ) ਸਮੇਂ ਵਾਪਰੇ ਘਲੂਕਾਰੇ ਦੀ ਮਾਰ ਹੇਠ ਆਏ ਲੱਖਾਂ ਲੋਕਾਂ ਵਿਚੋਂ ਕੇਵਲ ਦੋ ਵਖ-ਵਖ ਵਿਅਕਤੀਆਂ ਦੀਆਂ ਉਦਾਹਰਣਾਂ ਨਾਲ ਗੁਰਬਾਣੀ ਦੀ ਪੰਗਤੀ 'ਪਰਾਈ ਅਮਾਣ ਕਿਉਂ ਰਖੀਐ' ਦੇ ਭਾਵਾ ਨੂੰ ਪਰਗਟਾਉਣ ਦਾ ਨਿਮਾਣਾ ਜਿਹਾ ਜਤਨ ਕਰਦੇ ਹਾਂ।

ਇਨ੍ਹਾਂ ਉਦਾਹਰਣਾਂ ਦੇ ਨਾਲ ਜਿਥੇ ਸਾਨੂੰ ਪਰਾਈ ਅਮਾਣਤ ਰਖਣ ਜਾਂ ਨਾਂਹ ਰਖਣ ਬਾਰੇ ਪਤਾ ਲਗਦਾ ਹੈ ਉਥੇ ਪੰਨਾ ੬੭੮ ਉਤੇ ਗੁਰੂ ਨਾਨਕ ਪਾਤਸ਼ਾਹ ਦੀ ਉਚਾਰਨ ਕੀਤੀ ਹੋਈ ਪੰਗਤੀ 'ਮਨ ਨਿਰਮਲ ਕਰਮ ਕਰਿ' ਅਨੁਸਾਰ ਨਿਰਮਲ ਕਰਮ ਕਰਨ ਦੀ ਪ੍ਰੇਰਨਾ ਵੀ ਸਹਿਜੇ ਹੀ ਮਿਲਦੀ ਹੈ, ਜਿਸ ਦੇ ਅਰਥ ਸਪਸ਼ਟ ਹਨ ਕਿ ਹੇ ਮਨ! (ਤੂੰ) ਨਿਰਮਲ ਕਰਮ ਕਰ।

ਨਿਰਮਲ ਕਰਮ (ਕੰਮ) ਤੋਂ ਭਾਵ ਹੈ ਨੇਕ ਕੰਮ, ਇਖਲਾਕ ਵਾਲੇ ਤੇ ਪਰਉਕਾਰ ਦੇ ਕੰਮ। ਇਸ ਦੇ ਉਲਟ ਉਹ ਕੰਮ ਹਨ ਜੋ ਮਨ ਨੂੰ ਮੈਲਾ ਕਰਦੇ ਹਨ। ਮਨ ਨੂੰ ਮੈਲਾ ਕਰਨ ਵਾਲੇ ਕਰਮਾਂ ਨੂੰ ਹੀ ਪਾਪ ਕਿਹਾ ਜਾਂਦਾ

ਹੈ, ਜਿਸ ਦਾ ਫਲ ਹਮੇਸ਼ਾਂ ਦੁਖ ਹੀ ਹੁੰਦਾ ਹੈ। ਦੁਖ-ਦੁਖ ਹੀ ਹੁੰਦਾ ਹੈ ਭਾਵੇਂ ਉਹ ਮਨ ਕਰਕੇ ਹੋਵੇ ਜਾਂ ਸਰੀਰ ਕਰਕੇ। ਇਹ ਦੁਖ ਮੈਲੇ-ਮਾੜੇ ਕਰਮਾਂ ਦਾ ਹੀ ਨਤੀਜਾ ਹੁੰਦੇ ਹਨ।

ਨਿਰਮਲ ਅਤੇ ਮੈਲੇ ਕਰਮਾਂ ਦੇ ਫਰਕ ਨੂੰ ਸਪਸ਼ਟ ਕਰਦਿਆਂ ਇਕ ਗੁਰਮੁਖ ਪਿਆਰੇ ਨੇ ਉਨ੍ਹਾਂ ਦਿਨਾਂ ਵਿਚ ਸੰਗਤ ਨੂੰ ਦੋ ਸੱਚੀਆਂ ਵਾਰਤਾਵਾਂ ਸੁਣਾਈਆਂ ਜੋ ਉਨ੍ਹਾਂ ਨੇ ਆਪਣੇ ਅੱਖੀਂ ਵੇਖੀਆਂ ਅਤੇ ਕੰਨੀਂ ਸੁਣੀਆਂ ਸਨ।

ਪਹਿਲੀ ਵਾਰਤਾ ਉਨ੍ਹਾਂ ਨੇ ਇਸ ਤਰ੍ਹਾਂ ਸੁਣਾਈ :-

ਦੇਸ਼ ਦੀ ਵੰਡ ਵੇਲੇ ਬੇਅੰਤ (ਲਖਾਂ) ਲੋਕ ਪਛਮੀ ਪੰਜਾਬ (ਪਾਕਿਸਤਾਨ) ਤੋਂ ਇਧਰ ਪੂਰਬੀ ਪੰਜਾਬ (ਭਾਰਤ) ਵਿਚ ਆਏ ਅਤੇ ਉਸ ਸਮੇਂ ਜਿਥੇ ਕਿਥੇ ਵੀ ਕਿਸੇ ਨੂੰ ਸਿਰ ਲੁਕਾਉਣ ਲਈ ਥਾਂ ਮਿਲੀ, ਉਸ ਨੇ ਟਿਕਣ ਦੀ ਕੋਸ਼ਿਸ਼ ਕੀਤੀ।

ਗੁਰਮੁਖ ਪਿਆਰੇ ਕਹਿਣ ਲਗੇ ਕਿ ਇਕ ਦਿਨ, ਇਕ ਸਜਨ ਮੈਨੂੰ ਪੁਛਣ ਲੱਗਾ ਕਿ ਸ੍ਰੀ ਮਾਨ ਜੀ! ਅਸੀ ਕੀ ਐਸੇ ਪਾਪ ਕੀਤੇ ਜੋ ਸਾਨੂੰ ਇਹ ਐਨਾ ਕਰੜਾ ਦੰਡ ਮਿਲਿਆ? ਭਾਵ ਇਸ ਦੇਸ਼ ਦੀ ਵੰਡ ਵਿਚ ਘਰ-ਘਾਟ, ਮਾਲ-ਜਾਇਦਾਦ ਸਭ ਕੁਝ ਛਡ-ਛਡਾ ਕੇ ਇਧਰ ਆਉਣਾ ਪਿਆ। ਕਈ ਵਿਚਾਰਿਆਂ ਦੇ ਪਰਵਾਰਾਂ ਦੇ ਪਰਵਾਰ ਉਥੇ ਕਤਲ ਕਰ ਦਿਤੇ ਗਏ ਅਤੇ ਕਈਆਂ ਦੇ ਧਰਮ ਵੀ ਛੀਣੇ ਗਏ... ਆਦਿ।

ਗੁਰਮੁਖ ਪਿਆਰਾ ਇਹ ਸੁਣ ਕੇ ਥੁਹੜਾ ਮੁਸਕਰਾ ਕੇ ਚੁਪ ਕਰ ਰਿਹਾ ਪਰ ਉਹ ਸਜਨ ਉਤੋਂੜਤੀ ਜਦ ਦੋ ਤਿਨ ਵਾਰ ਇਹ ਗਲ ਪੁਛਣ ਤੇ ਜੋਰ ਦੇਣ ਲਗਾ ਤਾਂ ਉਸ ਗੁਰਮੁਖ ਪਿਆਰੇ ਨੇ ਕਿਹਾ, ਭਾਈ! ਕੋਈ ਹੋਰ

ਮੈਨੂੰ ਇਹ ਗਲ ਭਾਵੇਂ ਪੁਛੇ ਪਰ ਚੰਗਾ ਇਹ ਹੈ ਕਿ ਤੁਸੀ ਨਾ ਪੁਛੋ।

ਉਹ ਸਜਨ ਜਦ ਜ਼ੋਰ ਦੇ ਕੇ ਬੇਨਤੀ ਰੂਪ ਵਿਚ ਪੁਛਣ ਲਈ ਮਜਬੂਰ ਕਰਨ ਲਗਾ ਤਾਂ ਉਨ੍ਹਾ ਕਿਹਾ, ਭਾਈ! ਤੁਸੀ ਧਨੀ ਪੁਰਸ਼ ਹੋ, ਸੁਣ ਕੇ ਗੁਸੇ ਨਾ ਹੋਵੋ ਤਾਂ ਮੈਂ ਕੀਤੇ ਕਰਮਾਂ ਵਿਚੋਂ ਤੁਹਾਡੀ ਹੀ ਇਕ ਮਿਸਾਲ ਦੇ ਕੇ ਤੁਹਾਡਾ ਧਿਆਨ ਇਸ ਪਾਸੇ ਦੁਆ ਕੇ ਦਸਨ ਦੀ ਕੋਸ਼ਿਸ਼ ਕਰ ਸਕਦਾ ਹਾਂ।

ਪੱਛਮੀ ਪੰਜਾਬ (ਪਾਕਿਸਤਾਨ) ਵਿਚ ਅਣਗਿਣਤ ਧਰਮੀ-ਅਧਰਮੀ, ਨੇਮੀ-ਪ੍ਰੇਮੀ, ਅਤੇ ਕਈ ਪਵਿਤਰ ਆਤਮਾ ਵਾਲੇ ਲੋਕ ਮਰੇ ਹਨ, ਇਹ ਗਲ ਠੀਕ ਹੈ। ਅਨੇਕਾਂ ਸਤਵੰਤੀਆਂ ਆਪਣੀ ਜਾਣ ਤੇ ਖੇਡ ਗਈਆਂ ਪਰ ਉਨ੍ਹਾਂ ਧਰਮ ਨਹੀਂ ਹਾਰਿਆ। ਤੁਹਾਡੇ ਵਰਗੇ ਬੇਅੰਤ ਹੋਰ ਉਧਰੋਂ ਆਏ ਦੁਖੀ ਲੋਕਾਂ ਦੇ ਚੰਗੇ-ਮੰਦੇ ਕਰਮਾਂ ਦਾ ਤਾਂ ਮੈਂ ਕੁਝ ਨਹੀਂ ਕਹਿ ਸਕਦਾ ਪਰ ਤੁਹਾਡੇ ਬਾਰੇ ਕੁਝ ਪਿਛੋਕੜ ਅਤੇ ਕੁਝ ਹੁਣ ਦੇ ਹਾਲਾਤ ਬਾਰੇ ਮੈਨੂੰ ਪਤਾ ਹੋਣ ਕਾਰਨ ਵਨੰਗੀ ਮਾਤਰ ਦਸ ਕੇ ਤੁਹਾਨੂੰ ਚੇਤੇ ਕਰਾ ਸਕਦਾ ਹਾਂ।

ਉਹ ਸਜਨ ਕਹਿਣ ਲਗਾ, ਨਿਝੱਕ ਹੋ ਗਲ ਕਰੋ, ਮੈ ਗੁਸਾ ਨਹੀਂ ਕਰਾਂਗਾ।

ਗੁਰਮੁਖ ਸਜਨ ਨੇ ਕਿਹਾ ਕਿ ਇਸ ਵਾਪਰੇ ਘਲੂਘਾਰੇ ਤੋਂ ਕੁਝ ਚਿਰ ਪਹਿਲਾਂ ਹੀ ਸਬਬ ਨਾਲ ਤੁਸੀ ਇਧਰ (ਭਾਰਤ ਵਾਲੇ ਪੰਜਾਬ) ਆ ਟਿਕੇ ਸਓ ਅਤੇ ਆਪਣੇ ਨਾਲ ਚੰਗਾ ਚੋਖਾ ਮਾਲ ਧਨ ਵੀ ਬਚਾ ਕੇ ਲਿਆਏ ਸਓ। ਤੁਹਾਡੇ ਕੋਲ ਲਖਾਂ ਰੁਪਏ ਕੈਸ਼ ਅਤੇ ਸੋਨਾ-ਚਾਂਦੀ ਵੀ ਕਾਫੀ ਸੀ ਜਿਸ ਵਿਚੋਂ ਬਹੁਤ ਸਾਰਾ ਤੁਸੀ ਆਪਣੇ ਇਕ ਗੁਰਸਿਖ ਮਿਤਰ ਪਾਸ ਅਮਾਨਤ ਵਜੋਂ ਇਥੇ ਰਖਿਆ ਸੀ। ਉਹ ਗੁਰਸਿਖ ਆਪਣੇ ਆਲੇ-ਦੁਆਲੇ

ਵਿਚ ਮੰਨਿਆ-ਤਨਿਆ, ਗੁਰੂ-ਆਸ਼ੇ ਅਨੁਸਾਰ ਚਲਣ ਵਾਲਾ ਸਤਿਕਾਰਯੋਗ ਵਿਅਕਤੀ ਹੈ।

ਅਮਾਨਤ ਰਖਣ ਮਗਰੋਂ ਵੀ ਤੁਸੀ ਉਸ ਕੋਲ ਅਕਸਰ ਆਇਆ ਜਾਇਆ ਕਰਦੇ ਸੀ। ਤੁਹਾਨੂੰ ਯਾਦ ਹੋਵੇਗਾ ਕਿ ਇਕ ਵਾਰ ਉਸ ਗੁਰਸਿਖ ਨੇ ਤੁਹਾਨੂੰ ਕਿਹਾ ਸੀ ਕਿ ਵੀਰ ਜੀ !ਮੈਨੂੰ ਪਤਾ ਲਗਾ ਹੈ ਕਿ ਤੁਸੀ ਆਪਣੇ ਸ਼ਹਿਰ ਵਿਚ ਹੁੰਦਿਆਂ ਕਿਸੇ ਮਜਬੂਰੀ ਵਿਚ ਇਕ ਸਜਨ ਕੋਲੋਂ ਕੁਝ ਹਜ਼ਾਰ ਰੁਪਿਆ ਉਧਾਰ ਵਜੋਂ ਲਿਆ ਸੀ ਜੋ ਹੁਣ ਤੁਹਾਨੂੰ ਉਸ ਨੂੰ ਦੇ ਦੇਣਾ ਚਾਹੀਦਾ ਹੈ। ਕਿਉਂਕਿ ਉਹ ਸਜਣ ਇਸ ਸਮੇਂ ਬਹੁਤ ਤੰਗੀ ਵਿਚ ਗੁਜ਼ਰ ਰਿਹਾ ਹੈ।

ਤੁਸੀ ਇਹ ਸੁਣਕੇ ਪਹਿਲਾਂ ਕੁਝ ਘਾਬਰੇ ਸਓ ਤੇ ਫਿਰ ਸੰਭਲ ਕੇ ਕਿਹਾ ਸੀ, ਮਿਤਰ ਜੀ ! ਰਹਿਣ ਦਿਓ ਇਨਾਂ ਗੱਲਾਂ ਨੂੰ। ਹੁਣ ਸਾਥੋਂ ਕਿਸ ਮੰਗਣਾ ਹੈ ਅਤੇ ਕਿਸ ਨੇ ਦੇਣਾ ਹੈ ! ਸਾਰੇ ਹੀ ਉਜੜ-ਪੁਜੜ ਕੇ ਆਏ ਹਾਂ।

ਤੁਹਾਡੀ ਇਹ ਗਲ ਸੁਣ ਕੇ ਅਮਾਨਤ ਰਖਣ ਵਾਲੇ ਗੁਰਸਿਖ ਨੇ ਜੋ ਤੁਹਾਨੂੰ ਕਿਹਾ ਸੀ ਉਹ ਵੀ ਆਪ ਨੂੰ ਯਾਦ ਹੀ ਹੋਵੇਗਾ, ਨਹੀਂ ਤਾਂ ਮੈਂ ਯਾਦ ਕਰਾਂ ਦੇਂਦਾ ਹਾਂ ਕਿ ਉਸ ਨੇ ਤੁਹਾਨੂੰ ਕਿਹਾ ਸੀ, ਤੁਹਾਡੇ ਪਾਸ ਇਸ ਸਮੇਂ ਕਾਫੀ ਕੁਝ ਹੈ - ਜੇ ਉਸ ਵਿਚੋਂ ਤੁਸੀਂ ਲਿਆ ਹੋਇਆ ਕਰਜ਼ਾ ਮੋੜ ਵੀ ਦਿਓ ਤਾਂ ਤੁਹਾਨੂੰ ਤਾਂ ਕੁਝ ਫ਼ਰਕ ਨਹੀਂ ਪੈਣ ਲੱਗਾ ਪਰ ਉਸ ਅਤਿ ਤੰਗੀ ਵਿਚ ਗੁਜ਼ਰਾਨ ਕਰਨ ਵਾਲੇ ਨੂੰ ਬੜਾ ਸਹਾਰਾ ਮਿਲ ਜਾਏਗਾ ਅਤੇ ਤੁਹਾਨੂੰ ਅਸੀਸਾਂ ਹੀ ਦਏਗਾ। ਇਸ ਤਰ੍ਹਾਂ ਦੇਣ ਵਿਚ ਤੁਹਾਡਾ ਭਲਾ ਹੀ ਹੈ। ਪਰ ਤੁਸੀਂ ਉਸ ਸਮੇਂ ਉਸ ਗੁਰਮੁਖ ਸਿੱਖ ਨੂੰ ਕਿਹਾ ਸੀ - ''ਰਹਿਣ ਦਿਓ ਜੀ, ਇਸ ਮੇਰੀ ਰਕਮ ਦਾ ਮੇਰੇ ਅਤੇ ਤੁਹਾਡੇ ਤੋਂ ਬਗੈਰ ਕਿਸੇ ਹੋਰ

ਨੂੰ ਨਹੀਂ ਪਤਾ।''

ਉਸ ਸਮੇਂ ਅਮਾਨਤ ਰਖਣ ਵਾਲੇ ਗੁਰਸਿੱਖ ਨੇ ਆਪਣੇ ਮਥੇ ਉਤੇ ਵੱਟ ਪਾ ਕੇ ਤੁਹਾਨੂੰ ਕਿਹਾ ਕਿ ਕੀ ਇਹੀ ਤੁਹਾਡੀ ਈਮਾਨਦਾਰੀ ਹੈ ? ਤੁਹਾਨੂੰ ਉਸ ਨੇ ਭਲੇਮਾਣਸ ਅਤੇ ਗੁਰੂ ਕਾ ਸਿੱਖ ਜਾਣ ਕੇ, ਤੁਹਾਡੇ ਉਤੇ ਭਰੋਸਾ ਕਰਕੇ ਉਧਾਰ ਦੇ ਕੇ ਤੁਹਾਡਾ ਕੰਮ ਸਾਰਿਆ ਸੀ ਅਤੇ ਹੁਣ ਤੁਸੀਂ ਹੁੰਦਿਆਂ-ਸੁੰਦਿਆਂ ਉਸ ਦੀ ਅਮਾਨਤ (ਉਧਾਰ ਲਈ ਹੋਈ ਰਕਮ) ਦਬੀ ਬੈਠੇ ਹੋ ਅਤੇ ਸਿੱਖ ਹੋਣ ਦਾ ਮਾਣ ਕਰਦੇ ਹੋ ? ਅਤੇ **ਹੁਣ ਤੁਸੀਂ ਪੁਛਦੇ ਹੋ ਕਿ ਅਸਾਂ ਕਿਹੜੇ ਪਾਪ ਕੀਤੇ ਹਨ ਜੋ ਇਹ ਮੁਸੀਬਤ ਸਾਡੇ ਉਤੇ ਪਈ ਹੈ ?**

ਇਹ ਗੱਲ ਸੁਣ ਕੇ ਉਹ ਧਨੀ ਪੁਰਸ਼ ਸ਼ਰਮਿੰਦਾ ਤਾਂ ਹੋਇਆ ਪਰ ਮਾਇਆ ਦਾ ਮੋਹ ਅਧਿਕ ਹੋਣ ਕਾਰਨ ਉਸ ਦੇ ਵਰਤੋਂ ਵਿਹਾਰ 'ਚ ਕੋਈ ਫ਼ਰਕ ਨ ਪਿਆ।

ਗੁਰਮੁਖ ਸਿੱਖ ਨੇ ਕਿਹਾ ਕਿ ਇਹ ਇਕ ਮਿਸਾਲ (ਉਦਾਹਰਣ) ਹੈ ਤੁਹਾਡੇ ਪੁੰਨ ਕਰਮਾਂ ਦੀ। ਇਤਨਾਂ ਦੁੱਖ ਤੇ ਕਸ਼ਟ ਪਾ ਕੇ ਵੀ ਤੁਹਾਨੂੰ ਗੁਰੂ ਦਾ ਹੁਕਮ :-

ਪਰਾਈ ਅਮਾਣ ਕਿਉਂ ਰਖੀਐ
ਦਿਤੀ ਹੀ ਸੁਖੁ ਹੋਇ ॥ (੧੨੪੬)

ਉਤੇ ਤੁਰਨ ਦਾ ਜੀਅ ਨਹੀਂ ਕਰਦਾ। ਬਾਅਦ ਵਿਚ ਉਸ ਧਨੀ ਪੁਰਸ਼ ਦੀ ਅਮਾਨਤ ਰਖਣ ਵਾਲੇ ਨੇ ਅਮਾਨਤ ਰਖਣ ਤੋਂ ਇਨਕਾਰ ਕਰ ਦਿੱਤਾ। ਉਸ ਉਪਰ ਮਗਰੋਂ ਕਿਤਨੇ ਕਸ਼ਟ ਆਏ... ਔਲਾਦ ਵਿਗੜ ਗਈ... ਆਦਿ ਦੀ ਕਹਾਣੀ ਕਾਫ਼ੀ ਲੰਬੀ ਹੈ... ਖ਼ੈਰ।

ਹੁਣ ਸੁਣੋ ਇਕ ਹੋਰ ਸਿੱਖ ਦੀ ਵਾਰਤਾ ਜੋ ਪਾਕਿਸਤਾਨ ਤੋਂ ਉਜੜ ਕੇ ਆਏ ਨਾਲ ਜੋ ਵਾਪਰੀ :-

ਇਹ ਭਾਈ ਬਹੁਤ ਥੋੜ੍ਹੀ ਮਾਇਆ ਨਾਲ ਮਸਾਂ ਹੀ ਜਾਣ ਬਚਾ ਕੇ ਇਧਰ ਆਇਆ ਸੀ। ਨਾਲ ਲਿਆਂਦੀ ਥੋੜ੍ਹੀ ਜਿਹੀ ਮਾਇਆ ਦਿਨਾਂ ਵਿਚ ਹੀ ਮੁੱਕ ਗਈ ਤੇ ਰੋਟੀ ਤੋਂ ਵੀ ਆਤੁਰ ਹੋ ਗਿਆ। ਆਖਰ ਕੇਵਲ ੬੦/- ਕੁ ਰੁਪਏ ਦਾ ਸੋਨਾ ਜੋ ਉਸ ਦੀ ਇਸਤ੍ਰੀ ਕੋਲ ਰਹਿ ਗਿਆ ਸੀ, ਜਿਸ ਨੂੰ ਉਸ ਨੇ ਵੇਚ ਕੇ ਕੋਈ ਛੋਟਾ ਜਿਹਾ ਕੰਮ ਕਰਨਾ, ਸ਼ੁਰੂ ਕੀਤਾ। ਉਸ ਦੇ ਸ਼ੁਰੂ ਕੀਤੇ ਮਾਮੂਲੀ ਜਿਹੇ ਕੰਮ ਵਿਚ ਬਰਕਤ ਪੈ ਗਈ ਅਤੇ ਕੰਮ ਵਧਦਾ ਗਿਆ ਅਤੇ ਇਕ ਸਾਲ ਵਿਚ ਖਾ ਪੀ ਕੇ ਉਸ ਕੋਲ ੬-੭ ਹਜ਼ਾਰ ਰੁਪਿਆ ਬੱਚ ਗਿਆ।

ਇਸ ਭਲੇ ਲੋਕ ਸਿੱਖ ਨੂੰ ਪਿਛੇ ਪਾਕਿਸਤਾਨ ਵਿਚਲੇ ਆਪਣੇ ਸ਼ਹਿਰ ਵਿਚ ਕਈ ਲੋਕ ਥੋੜ੍ਹੇ ਬਹੁਤੇ ਰੁਪਏ ਅਮਾਨਤ ਵਜੋਂ ਰਖਣ ਲਈ ਦੇ ਜਾਇਆ ਕਰਦੇ ਸਨ। ਇਹ ਉਨ੍ਹਾਂ ਪੈਸਿਆਂ ਦਾ ਉਨ੍ਹਾਂ ਨੂੰ ਵਿਆਜ ਦਈ ਜਾਇਆ ਕਰਦਾ ਸੀ ਅਤੇ ਉਨ੍ਹਾਂ ਦੀ ਰੱਖੀ ਅਮਾਨਤ ਨਾਲ ਆਪਣਾ ਕਾਰੋਬਾਰ ਤੋਰੀ ਰੱਖਦਾ ਸੀ। ਜਦ ਕੋਈ ਇਸ ਕੋਲੋਂ ਆਪਣਾ ਰਖਿਆ ਰੁਪਿਆ ਵਾਪਸ ਮੰਗਦਾ ਤਾਂ ਇਹ ਝੱਟ ਵਿਆਜ ਸਮੇਤ ਮੋੜ ਦੇਂਦਾ ਸੀ।

ਦੇਸ਼ ਦੀ ਵੰਡ ਕਾਰਨ ਇਹ ਉਧਰੋਂ ਕੰਗਾਲ ਹੋ ਕੇ ਮਸਾਂ ਹੀ ਇਧਰ ਆਇਆ ਸੀ, ਹੁਣ ਇਹ ਅਮਾਨਤ ਰਖਣ ਵਾਲਿਆਂ ਨੂੰ ਕਿਥੋਂ ਮੋੜੇ? ਇਸ ਦਾ ਮਨ ਅੰਦਰੋਂ ਬੜਾ ਦੁਖਦਾ ਰਹਿੰਦਾ ਸੀ ਤੇ ਪਛਤਾਉਂਦਾ ਸੀ ਕਿ ਇਹ ਪੰਡ ਮੈਂ ਕਿਉਂ ਚੁਕੀ?

ਜਦ ਇਸ ਦਾ ਕੰਮ ਚਲ ਪਿਆ ਤੇ ਕੁਝ ਰਕਮ ਜਮ੍ਹਾਂ ਹੋ ਗਈ ਤਾਂ

ਸਭ ਤੋਂ ਪਹਿਲਾਂ ਉਸ ਇਹ ਕੰਮ ਕੀਤਾ ਕਿ ਅਮਾਨਤ ਰਖਣ ਵਾਲਿਆਂ ਨੂੰ ਬੁਲਾ ਕੇ ਹੌਲੀ ਹੌਲੀ ਉਨ੍ਹਾਂ ਦੀ ਰਕਮ ਵਿਆਜ ਸਮੇਤ ਦੇਣ ਲੱਗ ਪਿਆ।

ਕਈ ਦੁਨਿਆਵੀ ਸਿਆਣਿਆਂ ਨੇ ਇਸ ਨੂੰ ਰੋਕਿਆ ਅਤੇ ਕਿਹਾ ਕਿ ਪਹਿਲਾਂ ਆਪਣਾ ਕੁਝ ਬਣਾ ਲਵੋ। ਕਿਉਂਕਿ ਸਭ ਨੂੰ ਪਤਾ ਹੈ ਕਿ ਤੁਸੀਂ ਵੀ ਹੋਰਨਾਂ ਦੀ ਤਰ੍ਹਾਂ ਸਭ ਕੁਝ ਛੱਡ ਛਡਾ ਕੇ ਇਧਰ ਆਏ ਹੋ। ਇਸ ਲਈ ਤੁਹਾਡੇ ਕੋਲੋਂ ਇਸ ਵੇਲੇ ਕੋਈ ਨਹੀਂ ਮੰਗ ਸਕਦਾ, ਨਾ ਹੀ ਇਸ ਵੇਲੇ ਤੁਹਾਡਾ ਕੋਈ ਇਖਲਾਕੀ ਤੌਰ ਤੇ ਵੀ ਦੇਣਾ ਬਣਦਾ ਹੈ। ਕਿਉਂਕਿ ਤੁਸੀਂ ਉਥੋਂ ਨਾਲ ਕੁਝ ਨਹੀਂ ਸੀ ਲਿਆਏ। ਇਹ ਤਾਂ ਰਬ ਦਾ ਕਰਨਾ ਹੀ ਸਮਝੋ ਰੁਪਏ ਪੈਸੇ ਉਥੇ ਹੀ ਰਹਿ ਗਏ ਜਾਂ ਲੁੱਟ ਲਏ ਗਏ।

ਪਰ ਉਹ ਸਿੱਖ ਉਤਰ ਵਜੋਂ ਕਹਿੰਦਾ ਹੈ ਕਿ ਭਰਾਵੋ, ਤੁਸੀਂ ਠੀਕ ਹੀ ਕਹਿੰਦੇ ਹੋ ਪਰ ਮੇਰੇ ਅੰਦਰ ਗੁਰੂ - ਅਕਾਲ ਪੁਰਖ ਦਾ ਹੁਕਮ ਜੋ ਦ੍ਰਿੜ ਹੋਇਆ - ਹੋਇਆ ਹੈ ਉਸ ਅਨੁਸਾਰ ਮੈਂ ਮਹਿਸੂਸ ਕਰਦਾ ਹਾਂ ਕਿ ਇਸ ਤਰ੍ਹਾਂ ਲਿਆ ਪੈਸਾ ਮੋੜਨ ਨਾਲ ਮੇਰਾ ਗੁਰੂ - ਰੱਬ ਖੁਸ਼ ਹੋਏਗਾ ਅਤੇ ਮੇਰੀ ਆਤਮਾ ਨੂੰ ਖੇੜਾ ਮਿਲੇਗਾ। ਨਾਲੇ ਭਾਈ ਮੈਂ ਤਾਂ ਗੁਰੂ ਦਾ ਸਿੱਖ ਅਖਵਾਉਂਦਾ ਹਾਂ ਅਤੇ ਮੇਰਾ ਗੁਰੂ ਕਹਿੰਦਾ ਹੈ :-

ਪਰਾਈ ਅਮਾਨ ਕਿਉਂ ਰਖੀਐ
ਦਿਤੀ ਹੀ ਸੁਖੁ ਹੋਇ ॥

ਇਸ ਤਰ੍ਹਾਂ ਇਸ ਸਿੱਖ ਨੇ ਇਕ ਇਕ ਕਰਕੇ ਜਿਥੇ ਸਾਰੀਆਂ ਅਮਾਨਤਾਂ ਵਿਆਜ ਸਮੇਤ ਵਾਪਸ ਕੀਤੀਆਂ ਉਥੇ ਆਪਣੀ ਕਮਾਈ ਦਾ ਦਸਵੰਧ ਵੀ ਜੋ ਬਣਦਾ ਸੀ, ਉਹ ਗੁਰੂ ਲੇਖੇ ਲਾਉਂਦਾ ਰਿਹਾ।

ਉਪ੍ਰੋਕਤ ਦੋਹਾਂ ਸਚੀਆਂ ਵਾਰਤਾਵਾਂ ਤੋਂ ਅੰਦਾਜ਼ਾ ਲਾਉਣਾ ਮੁਸ਼ਕਲ

ਨਹੀਂ ਕਿ ਦੋਹਾਂ ਸਜਣਾਂ ਦੇ ਕਰਮਾਂ ਵਿਚ ਕਿਤਨਾ ਅੰਤਰ ਹੈ ? ਉਸ ਗੁਰਮੁਖ ਪਿਆਰੇ ਨੇ ਗੁਰਬਾਣੀ ਵਿਚੋਂ :-

ਦਦਾ ਦੋਸ ਨ ਦੇਊ ਕਿਸੈ
ਦੋਸ ਕਰਮਾ ਆਪਨਿਆ ॥
ਜੋ ਮੈ ਕੀਆ ਸੋ ਮੈ ਪਾਇਆ
ਦੋਸ ਨ ਦੀਜੈ ਅਵਰ ਜਨਾ ॥

ਆਦਿ ਕਈ ਪਰਮਾਣ ਦੇਂਦਿਆਂ ਦੱਸਿਆ ਕਿ ਦੁੱਖ ਸੁੱਖ ਮਨੁੱਖ ਦੇ ਆਪਣੇ ਕੀਤੇ ਕਰਮਾਂ ਦੇ ਭੋਗ ਹੁੰਦੇ ਹਨ । ਇਹ ਗਲ ਵੱਖਰੀ ਹੈ ਕਿ ਕਈ ਵਾਰ ਸਾਨੂੰ ਆਪ ਆਪਣੇ ਕਰਮਾਂ ਬਾਰੇ ਪਤਾ ਲੱਗ ਜਾਂਦਾ ਹੈ ਪਰ ਬਹੁਤੀ ਵਾਰ ਨਹੀਂ ਵੀ ਲੱਗਦਾ ।

ਉਨ੍ਹਾਂ ਕਿਹਾ ਕਿ ਗੁਰੂ ਪਾਤਸ਼ਾਹ ਜਦ ਆਪ ਸਰੀਰ ਵਿਚ ਹੁੰਦੇ ਸਨ ਤਾਂ ਆਪਣੇ ਹਿਰਦੇ ਦਾ ਪ੍ਰਕਾਸ਼ ਜਿਨ੍ਹਾਂ ਭਾਵਾਂ ਵਿਚ ਦਿਆ ਕਰਦੇ ਸਨ ਉਹ ਉਨ੍ਹਾਂ ਦੀ ਉਚਾਰਨ ਕੀਤੀ ਬਾਣੀ ਵਿਚ ਲਿਖੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ ਹਾਜ਼ਰ ਹਨ ਜਿਸ ਨੂੰ ਅਸੀਂ 'ਗੁਰੂ' ਕਹਿੰਦੇ ਹਾਂ ।

'*ਗੁਰਬਾਣੀ ਇਸ ਜਗ ਮਹਿ ਚਾਨਣਿ*' ਹੈ ਜਿਸ ਨੂੰ ਅਸੀਂ ਰੋਜ਼ ਪੜ੍ਹਨੀ ਸੁਣਨੀ ਅਤੇ ਵੀਚਾਰ ਕੇ ਗੁਰੂ ਦੀ ਮਤਿ ਪ੍ਰਾਪਤ ਕਰਨੀ ਹੁੰਦੀ ਹੈ ਜਿਸ ਨਾਲ ਮਨ ਉਜਲਾ ਹੁੰਦਾ ਹੈ... ਆਦਿ ।

ਜਿਸ ਦੀਵਾਨ ਵਿਚ ਇਹ ਉਪਰਲੀਆਂ ਵਾਰਤਾਵਾਂ ਸੁਣਾਈਆਂ ਗਈਆਂ ਉਸ ਦੀ ਸਮਾਪਤੀ ਉਪ੍ਰੰਤ ਕੁਝ ਵਿਚਾਰਵਾਨ ਸ੍ਰੋਤਿਆਂ ਨੇ ਉਸ ਗੁਰਮੁਖਿ ਪਿਆਰੇ ਨੂੰ ਫ਼ਤਹਿ ਬੁਲਾਉਣ ਉਪਰੰਤ ਆਪਣਾ ਇਕ ਸ਼ੰਕਾ ਨਵਿਰਤ ਕਰਨ ਲਈ ਬੇਨਤੀ ਕਰਨ ਲੱਗੇ ਅਤੇ ਫਿਰ ਉਹ ਸਾਰੇ ਇਕ ਪਾਸੇ ਜਿਹੇ

ਹੋ ਕੇ ਜਦ ਬੈਠ ਗਏ ਤਾਂ ਉਨ੍ਹਾਂ ਵਿਚੋਂ ਇਕ ਨੇ ਬੇਨਤੀ ਕੀਤੀ ਕਿ ਅੱਜ ਦੀ ਵੀਚਾਰ ਸੁਣ ਕੇ ਸਾਨੂੰ ਗੁਰੂ ਮਹਾਰਾਜ ਦੀ 'ਆਸਾ ਕੀ ਵਾਰ' ਵਿਚ ਉਚਾਰਨ ਕੀਤੀ ਪੰਗਤੀ :-

ਮੰਦਾ ਚੰਗਾ ਆਪਣਾ
ਆਪੇ ਹੀ ਕੀਤਾ ਪਾਵਣਾ ॥

ਦਾ ਭਾਵ ਚੰਗੀ ਤਰ੍ਹਾਂ ਦ੍ਰਿੜ ਹੋ ਗਿਆ ਹੈ। ਪਰ ਸ਼ੰਕਾ ਇਹ ਹੈ ਕਿ ਮੰਦਾ ਕੰਮ ਕਰਨ ਵਾਲਿਆਂ ਨੇ ਤਾਂ ਆਪਣੇ ਕੀਤੇ ਮੰਦੇ ਕਰਮਾਂ ਦਾ ਫ਼ਲ ਪਾ ਲਿਆ ਜਾਂ ਪਾਉਂਦੇ ਹਨ ਜਾਂ ਪਾਉਣਗੇ ਪਰ ਜੋ ਧਰਮੀ, ਨੇਮੀ-ਪ੍ਰੇਮੀ ਤੇ ਪਵਿਤ੍ਰ ਆਤਮਾ ਵਾਲੇ ਪੁਰਸ਼ ਮਾਰੇ ਗਏ ਹਨ, ਇਸ ਦਾ ਕੀ ਕਾਰਨ ਹੋਇਆ ?

ਗੁਰਮੁਖ ਪਿਆਰੇ ਨੇ ਉਤਰ ਵਜੋਂ ਕਿਹਾ ਕਿ ਅਸਲ ਵਿਚ ਵਾਹਿਗੁਰੂ ਅਕਾਲ ਪੁਰਖ ਦੀ ਅਗਾਧ-ਗਤੀ ਹੈ ਜਿਸਨੂੰ ਕੋਈ ਵੀ ਨਹੀਂ ਸਮਝ ਸਕਦਾ। ਅਸਲ ਵਿਚ ਕਿਸੇ ਚੰਗੇ ਦੀ ਚੰਗਿਆਈ ਜਾਂ ਧਰਮੀ ਅਤੇ ਪਵਿਤ੍ਰ ਹੋਣ ਬਾਰੇ ਸਹੀ ਤੌਰ ਤੇ ਮਾਲਕ ਆਪ ਹੀ ਜਾਣਦਾ ਹੈ ਕਿ ਉਹ ਕਿਤਨਾ ਕੁ ਚੰਗਾ ਹੈ ਜਾਂ ਕਿਤਨਾ ਕੁ ਧਰਮੀ ਜਾਂ ਪਰਉਪਕਾਰੀ ਹੈ। ਸਾਡੇ ਦੁਨਿਆਵੀ ਲੋਕਾਂ ਦਾ ਕਿਸੇ ਬਾਰੇ ਕੁਝ ਕਹਿਣਾ ਆਮ ਕਰਕੇ ਪੂਰਾ ਠੀਕ ਨਹੀਂ ਹੁੰਦਾ। ਵੈਸੇ ਇਸ ਪ੍ਰਕਾਰ ਦੀ ਹੋਣੀ ਬਾਰੇ ਗੁਰੂ ਨਾਨਕ ਪਾਤਸ਼ਾਹ ਦੇ ਦਰ ਤੇ ਵਾਪਰੀ ਇਕ ਘਟਨਾ ਜੋ ਪੁਰਾਤਨ-ਜਨਮ ਸਾਖੀ ਵਿਚ ਲਿਖੀ ਹੋਈ ਹੈ, ਜੇ ਚਾਹੋ ਤਾਂ ਸੁਣਾ ਦੇਂਦਾ ਹਾਂ। ਹੋ ਸਕਦਾ ਹੈ ਉਸ ਨਾਲ ਆਪ ਦਾ ਸ਼ੰਕਾ ਦੂਰ ਹੋ ਜਾਏ।

ਸਾਰਿਆਂ ਦੇ ਕਹਿਣ ਤੇ ਉਸ ਗੁਰਮੁਖ ਪਿਆਰੇ ਨੇ ਉਹ ਸਾਖੀ ਜੋ

ਬਾਬਰ ਬਾਦਸ਼ਾਹ ਦੀ ਬੜੀ ਬੇਤਰਸੀ ਨਾਲ ਸੈਦਪੁਰ (ਏਮਨਾਬਾਦ-ਪਾਕਿਸਤਾਨ) ਦੀ ਕਤਲਾਮ ਕਰਨ ਦੇ ਕੁਝ ਚਿਰ ਮਗਰੋਂ ਭਾਈ ਮਰਦਾਨੇ ਜੀ ਦੀ ਗੁਰੂ ਨਾਨਕ ਪਾਤਸ਼ਾਹ ਨਾਲ ਹੋਈ ਗੱਲਬਾਤ ਸੁਣਾਈ, ਉਹ ਜਨਮ-ਸਾਖੀ ਵਿਚ ਇਸ ਤਰ੍ਹਾਂ ਦਰਜ ਹੈ :-

ਤਬ ਇਕ ਦਿਨ ਮਰਦਾਨੇ ਅਰਜੁ ਕੀਤਾ, ਆਖਿਓਸੁ, ਜੀ ਇਹ ਤਾਂ ਇਕਸੈ ਵਿਗਾੜਿਆ, ਅਤੇ ਇਤਨੇ ਕਿਉਂ ਮਰੇ ?

ਤਬ ਗੁਰੂ ਬਾਬੇ ਆਖਿਆ, 'ਮਰਦਾਨਿਆ ! ਉਸ ਦਰਖਤ ਤਲੈ ਜਾਇ ਸਉਂ, ਤਾਂ ਮੈਂ ਕਹਿੰਗਾ ਤਾਂ ਜਬਾਬ ਦੇਹਿੰਗੇ।'

ਤਬ ਮਰਦਾਨਾ ਜਾਇ ਸੁੱਤਾ ਤਾਂ ਏਕ ਬੂੰਦ ਚਿਕਨਾਈ ਕੀ ਪਈ ਥੀ, ਸੀਨੇ ਉਪਰਿ, ਰੋਟੀ ਖਾਂਦਿਆਂ। ਜਿਉਂ ਸੁਤਾ ਥਾ, ਤਿਉਂ ਕੀੜੀਆਂ ਆਇ ਲਗੀਆ। ਇਕ ਜੋ ਕੀੜੀ ਲੜੀ ਸੁਤੇ ਹੋਏ ਨੂੰ ਤਾਂ ਹਥਿ ਨਾਲ ਸਭੇ ਮਲਿ ਸਟੀਆ। ਤਾਂ ਬਾਬੇ ਆਖਿਆ, 'ਕਿਆ ਕੀਤੋ ਮਰਦਾਨਿਆ ? ਤਾਂ ਮਰਦਾਨੇ ਆਖਿਆ, 'ਜੀ ਹਿਕ ਜੋ ਲੜੀ ਸਭੇ ਮਰਿ ਗਈਆਂ।'' ਤਾਂ ਬਾਬਾ ਹਸਿਆ, ਆਖਿਓਸ, 'ਮਰਦਾਨਿਆ ! ਇਵੇਂ ਹੀ ਮਰਦੀ ਆਈ, ਇਕਸ ਦਾ ਸਦਕਾ।'' ਤਾਂ ਮਰਦਾਨਾ ਆਇ ਪੈਰੀਂ ਪਇਆ।

* * *

II

ਰਾਮਪੁਰ ਖੇੜਾ (ਹੁਸ਼ਿਆਰਪੁਰ) ਵਾਲੇ ਬਾਬਾ ਹਰਨਾਮ ਸਿੰਘ ਜੀ ਬੜੇ ਕਰਨੀ-ਕਮਾਈ ਵਾਲੇ ਸਨ। ਇਥੇ ਉਨ੍ਹਾਂ ਦੇ ਜੀਵਨ ਸੰਬੰਧੀ ਛਪੀ ਪੁਸਤਕ 'ਸੇ ਕਿਨੇਹਿਆ' ਵਿਚੋਂ ਇਸ ਤਰ੍ਹਾਂ ਦੀ ਇਕ ਵਾਰਤਾ ਪਾਠਕਾਂ ਨਾਲ ਸਾਂਝੀ

ਕਰਨੀ ਠੀਕ ਜਾਪਦੀ ਹੈ ਜਿਸ ਤੋਂ ਵੀ ਸਿੱਧ ਹੁੰਦਾ ਹੈ ਕਿ ਕਿਸੇ ਕੋਲੋਂ ਅਮਾਨਤ ਵਜੋਂ ਲਈ ਰਕਮ ਵਾਪਸ ਨ ਮੋੜਨ ਦਾ ਕਿਤਨਾ ਨੁਕਸਾਨ ਹੁੰਦਾ ਹੈ।

ਇਕ ਵਾਰ ਪਿੰਡ ਮਾਛੀਆਂ ਦਾ ਸ: ਹਰਬਖ਼ਸ਼ ਸਿੰਘ ਬਾਬਾ ਜੀ ਕੋਲ ਆ ਕੇ ਬੇਨਤੀ ਕਰਨ ਲੱਗਾ ਕਿ ਆਲੇ-ਦੁਆਲੇ ਦੇ ਖੇਤਾਂ ਵਾਲਿਆਂ ਨੂੰ ਆਪੋ ਆਪਣੇ ਖੇਤਾਂ ਵਿਚ ਬੋਰ ਕਰਾ ਕੇ ਲੋੜ ਅਤੇ ਮਰਜ਼ੀ ਅਨੁਸਾਰ ਫਸਲ ਲਈ ਪਾਣੀ ਪ੍ਰਾਪਤ ਕਰਨਾ ਵੇਖ ਕੇ ਮੈਂ (ਹਰਬਖਸ਼ ਸਿੰਘ) ਵੀ ਬੋਰ ਲਗਵਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਦੂਰ ਦੂਰ ਤੱਕ ਦੱਸ-ਬਾਰ੍ਹਾਂ ਬੋਰ ਕਾਫ਼ੀ ਡੂੰਘਾਈ ਤੱਕ ਕੀਤੇ ਹਨ, ਪੱਤਣ ਵੀ ਠੀਕ ਆ ਜਾਂਦਾ ਹੈ, ਪਰ ਬੋਰ ਚਾਲੂ ਕਰਨ ਤੇ ਪਾਣੀ ਨਹੀਂ ਆਉਂਦਾ ਜਦ ਕਿ ਹੋਰਨਾਂ ਦੇ ਖੇਤਾਂ ਵਿਚ ਲੱਗੇ ਬੋਰ ਉਸੇ ਪਤਣ ਉਤੇ ਪਾਣੀ ਦੇ ਰਹੇ ਹਨ। ਇਹ ਕਾਰਜ ਸਫ਼ਲ ਨਾ ਹੁੰਦਾ ਵੇਖ ਆਪ ਜੀ ਪਾਸ ਬੇਨਤੀ ਲੈ ਕੇ ਆਇਆ ਹਾਂ ਕਿ ਮੈਨੂੰ ਕੋਈ ਉਪਾਓ ਦੱਸੋ ਜਿਸ ਕਰਕੇ ਮੈਨੂੰ ਟਿਊਬਵੈੱਲ ਲਾਉਣ ਵਿਚ ਸਫ਼ਲਤਾ ਪ੍ਰਾਪਤ ਹੋਵੇ ਅਤੇ ਪਾਣੀ ਮਿਲ ਜਾਵੇ।

ਬਾਬਾ ਜੀ ਸ: ਹਰਬਖਸ਼ ਸਿੰਘ ਹੋਰਾਂ ਦੀ ਗੱਲ ਸੁਣ ਕੇ ਕੁਝ ਚਿਰ ਚੁਪ ਰਹੇ। ਫਿਰ ਕਹਿਣ ਲੱਗੇ ਤੁਸੀਂ ਧੁੱਪੇ ਆਏ ਹੋ, ਪਹਿਲਾਂ ਕੁਝ ਜਲ ਪਾਣੀ ਛਕ ਲਵੋ।

ਆਪ ਦੇ ਬਚਨ ਮੰਨ ਕੇ ਉਸ ਥੋੜ੍ਹਾ ਜਲ-ਪਾਣੀ ਛਕਿਆ ਅਤੇ ਮੁੜ ਬਾਬਾ ਜੀ ਕੋਲ ਜਦ ਆ ਬੈਠਾ ਤਾਂ ਉਨ੍ਹਾਂ ਕਿਹਾ ਕਿ ਸਰਦਾਰ ਜੀ, ਤੁਸੀਂ ਕਿਸੇ ਗਰੀਬ ਦੇ ਪੈਸੇ ਦੇਣੇ ਹਨ, ਜੋ ਨਹੀਂ ਦਿੱਤੇ। ਤੁਸੀਂ ਦੇ ਵੀ ਸਕਦੇ ਹੋ ਪਰ ਧਿੰਙੋਜ਼ੋਰੀ ਉਸ ਦੇ ਪੈਸੇ ਦਬਾਏ ਹੋਏ ਹਨ। ਉਸ ਗਰੀਬ ਦੀ ਆਹ

ਤੁਹਾਡੇ ਬੋਰ ਵਿਚ ਰੁਕਾਵਟ ਬਣ ਰਹੀ ਹੈ।

ਸ: ਹਰਬਖਸ਼ ਸੁਣ ਕੇ ਪਹਿਲਾਂ ਤਾਂ ਦੁਨਿਆਵੀ ਚਤੁਰਾਈ ਅਧੀਨ ਸਾਫ਼ ਮੁਕਰ ਗਿਆ ਕਿ ਮੈਂ ਤਾਂ ਨਾ ਹੀ ਕਿਸੇ ਦੇ ਪੈਸੇ ਮਾਰੇ ਹਨ ਤੇ ਨਾ ਹੀ ਕਿਸੇ ਦੇ ਪੈਸੇ ਦੇਣੇ ਹਨ। ਪਰ ਬਾਬਾ ਜੀ ਨੇ ਜਦ ਜ਼ੋਰ ਦੇ ਕਿਹਾ ਕਿ ਹਰਬਖਸ਼ ਸਿੰਘ ਜੀ ਜ਼ਰਾ ਧਿਆਨ ਨਾਲ ਸੋਚ ਲਵੋ, ਕਾਰਨ ਤਾਂ ਇਹੋ ਹੀ ਹੈ। ਜਦ ਤੱਕ ਤੁਸੀਂ ਉਸ ਗਰੀਬ ਦੇ ਪੈਸੇ ਦੇ ਕੇ ਨਿਕਲ ਰਹੀ ਆਹ ਨੂੰ ਨਹੀਂ ਬੰਦ ਕਰਦੇ, ਦਸ ਬਾਰ੍ਹਾਂ ਕੀ, ਭਾਵੇਂ ਸਾਰੇ ਖੇਤਾਂ ਵਿਚ ਬੋਰ ਕਰਾਈ ਜਾਵੋ, ਪਾਣੀ ਨਹੀਂ ਆਵੇਗਾ।

ਬਾਬਾ ਜੀ ਨੇ ਕਿਹਾ ਕਿ ਗਰੀਬ ਦੀ ਆਹ ਬਹੁਤ ਦੂਰ ਤੱਕ ਅਸਰ ਕਰਦੀ ਹੈ। ਭਾਵੇਂ ਉਸ ਵਿਚ ਇਹ ਸਮਰਥਾ ਨਹੀਂ ਕਿ ਉਹ ਤੁਹਾਡੇ ਪਾਸੋਂ ਜ਼ੋਰ ਨਾਲ ਜਾਂ ਸਰਕਾਰੇ-ਦਰਬਾਰੇ ਫਰਿਆਦ ਕਰ ਕੇ ਪੈਸੇ ਲੈ ਲਵੇ ਪਰ ਉਸ ਗਰੀਬ ਦੀ ਅੰਦਰੋਂ ਹਰ ਵੇਲੇ ਨਿਕਲ ਰਹੀ ਬਦ-ਅਸੀਸ ਤੇ ਆਹ ਤੁਹਾਡੇ ਕੰਮ ਵਿਚ ਰੁਕਾਵਟ ਬਣ ਰਹੀ ਹੈ।

ਸ: ਹਰਬਖਸ਼ ਸਿੰਘ ਨੂੰ ਪਤਾ ਤਾਂ ਸੀ ਹੀ ਪਰ ਜਦੋਂ ਬਾਬਾ ਜੀ ਦੇ ਦੁਬਾਰਾ ਦ੍ਰਿੜਤਾ ਵਾਲੇ ਸੱਚੇ ਬਚਨ ਸੁਣੇ ਤਾਂ ਸਚਾਈ ਪ੍ਰਗਟ ਕਰਦਿਆਂ ਕਹਿਣ ਲੱਗਾ ਕਿ ਆਪ ਜੀ ਠੀਕ ਕਹਿੰਦੇ ਹੋ। ਮੈਂ ਇਕ ਗਰੀਬ ਦੇ ੨੮੦/- ਰੁ: ਦੇਣੇ ਹਨ। ਦੋ ਸਾਲ ਹੋ ਗਏ ਹਨ ਮੈਂ ਉਸ ਨੂੰ ਨਹੀਂ ਦਿੱਤੇ।

ਆਪ ਜੀ ਨੇ ਉਸ ਨੂੰ ਕਿਹਾ ਕਿ ਜੇ ਬੋਰ ਵਿਚੋਂ ਪਾਣੀ ਲੈਣਾ ਹੈ ਤਾਂ ਪਹਿਲਾਂ ਗਰੀਬ ਦੇ ਪੈਸੇ ਸਣੇ ਵਿਆਜ ਦੇ, ਦੇ ਕੇ ਆਓ, ਤਦ ਉਸ ਦੀ ਖੁਸ਼ੀ ਹੋਵੇਗੀ। ਪੈਸੇ ਦੇਣ ਉਪ੍ਰੰਤ ਗੁਰੂ ਮਹਾਰਾਜ ਦੇ ਚਰਨਾਂ ਵਿਚ ਕੜਾਹ

ਪ੍ਰਸ਼ਾਦ ਦੀ ਦੇਗ ਕਰਵਾ ਕੇ ਕੀਤੀ ਹੋਈ ਭੁੱਲ ਦੀ ਮਾਫ਼ੀ ਲਈ ਅਰਦਾਸ ਕਰਾਵੇ, ਤੁਹਾਨੂੰ ਪਾਣੀ ਉਸੇ ਬੋਰ ਵਿਚੋਂ ਮਿਲ ਜਾਵੇਗਾ।

ਸ: ਹਰਬਖਸ਼ ਸਿੰਘ ਨੇ ਦਿਲੋਂ ਪਛਤਾਵਾ ਕੀਤਾ ਅਤੇ ਪੈਸੇ ਮੋੜ ਦੇਣ ਦਾ ਬਚਨ ਕਰਕੇ ਘਰ ਚਲਾ ਗਿਆ। ਉਸ ਗਰੀਬ ਨੂੰ ਘਰ ਬੁਲਾ ਕੇ ੨੮੦/- ਰੁ: ਦੇ ਨਾਲ ੫੦/- ਵਿਆਜ ਦੇ ਦਿੱਤੇ। ਪੈਸੇ ਭਾਵੇਂ ਉਸ ਦੇ ਆਪਣੇ ਹੀ ਸਨ ਪਰ ਮਰੀ ਹੋਈ ਰਕਮ ਵਿਆਜ ਸਮੇਤ ੩੩੦/- ਅਚਾਨਕ ਮਿਲ ਜਾਣ ਨਾਲ ਉਹ ਦਿਲੋਂ ਬੜਾ ਖੁਸ਼ ਹੋਇਆ ਅਤੇ ਅਸੀਸਾਂ ਦੇਂਦਾ ਉਹ ਆਪਣੇ ਘਰ ਚਲਾ ਗਿਆ।

ਅਗਲੇ ਦਿਨ ਹਰਬਖਸ਼ ਸਿੰਘ ਘਰੋਂ ਦੇਗ ਲਈ ਰਸਦ ਲੈ ਕੇ ਗੁਰਦੁਆਰਾ ਸਾਹਿਬ ਬਾਬਾ ਜੀ ਕੋਲ ਆਇਆ ਅਤੇ ਅੱਗੋਂ ਉਨ੍ਹਾਂ ਨੇ ਦੇਗ ਤਿਆਰ ਕਰਵਾ ਕੇ ਅਰਦਾਸ ਕੀਤੀ ਕਿ ਗੁਰੂ ਪਾਤਸ਼ਾਹ ਜੀ ! ਇਹ ਪ੍ਰੇਮੀ ਆਪਣੀ ਭੁੱਲ ਨੂੰ ਦੂਰ ਕਰਕੇ ਹੁਣ ਆਪ ਜੀ ਪਾਸੋਂ ਮਾਫ਼ੀ ਮੰਗਣ ਲਈ ਹਾਜ਼ਰ ਹੋਇਆ ਹੈ। ਅਣਜਾਣ ਜਾਣ ਕੇ ਖਿਮਾ ਕਰ ਦਿਓ ਅਤੇ ਆਪਣੇ ਭਾਣੇ ਵਿਚ ਮਨੋ-ਕਾਮਨਾ ਦੀ ਪੂਰਤੀ ਕਰੋ।

ਅਰਦਾਸ ਉਪਰੰਤ ਪ੍ਰਸ਼ਾਦ ਲੈ ਕੇ ਉਹ ਸਿੱਧਾ ਬੋਰ ਵਾਲੇ ਖੇਤ ਵਿਚ ਪੁੱਜਾ। ਕਾਰੀਗਰਾਂ ਨੇ ਦੋ-ਚਾਰ ਬੋਕੀਆਂ ਬੋਰ ਵਿਚ ਮਾਰ ਕੇ ਚੜੀ ਹੋਈ ਰੇਤ ਕੱਢੀ ਅਤੇ ਬੋਰ ਦਾ ਸਾਮਾਨ ਵਿਚ ਪਾ ਦਿੱਤਾ। ਸਾਰੀ ਤਿਆਰੀ ਹੋਣ ਉਪ੍ਰੰਤ ਟਿਊਬਵੈੱਲ ਚਲਾਇਆ ਗਿਆ, ਪਾਣੀ ਬੇਅੰਤ ਆਇਆ। ਸਾਰੇ ਹੈਰਾਨ ਸਨ ਪਰ ਵਿਚਲੀ ਗੱਲ ਦਾ ਕਿਸੇ ਨੂੰ ਕੀ ਪਤਾ ਸੀ ? ਇਸ ਗੱਲ ਨੂੰ ਭਾਵੇਂ ੩੦ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ, ਪਰ ਉਹ ਬੋਰ ਲਗਾਤਾਰ ਪਾਣੀ ਦੇ ਰਿਹਾ ਹੈ।

ਇਸ ਘਟਨਾ ਤੋਂ ਵੀ ਪਤਾ ਚਲਦਾ ਹੈ ਕਿ ਪ੍ਰਮੇਸ਼ਰ ਹਰ ਪ੍ਰਾਣੀ ਮਾਤਰ ਵਿਚ ਵਸਦਾ ਹੈ। ਜਦੋਂ ਅਸੀਂ ਕਿਸੇ ਦੇ ਮਨ ਨੂੰ ਕਿਸੇ ਕਾਰਨ ਵੀ ਠੇਸ ਪਹੁੰਚਾਉਂਦੇ ਹਾਂ ਤਾਂ ਉਹ ਜਿਥੇ ਸਾਡੇ ਆਤਮਕ ਪੰਧ ਵਿਚ ਬਹੁਤ ਵੱਡਾ ਨੁਕਸਾਨ ਕਰਦੀ ਹੈ ਉਥੇ ਦੁਨਿਆਵੀ ਕੰਮਾਂ ਵਿਚ ਵੀ ਰੁਕਾਵਟ ਹੋ ਖੜੋਂਦੀ ਹੈ। ਇਸੇ ਲਈ ਬਾਬਾ ਫ਼ਰੀਦ ਜੀ ਦੇ ਬਚਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੩੮੪ ਉਤੇ ਸਾਡੀ ਅਗਵਾਈ ਲਈ ਦਰਜ ਹਨ :-

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ ॥

ਅਰਥ - ਸਾਰਿਆਂ ਦੇ ਮਨ ਕੀਮਤੀ ਮੋਤੀ ਹਨ। ਇਸ ਲਈ ਕਿਸੇ ਦਾ ਮਨ ਦੁਖਾਉਣਾ ਉਕਾ ਹੀ ਚੰਗਾ ਨਹੀਂ। ਜੇ ਤੈਨੂੰ ਪਿਆਰੇ ਪ੍ਰਭੂ ਦੀ ਮਿਲਣ ਦੀ ਸਿਕ (ਤਾਂਘ) ਹੈ ਤਾਂ ਕਿਸੇ ਦਾ ਦਿਲ ਨ ਦੁਖਾ।

ਭਾ: ਨੰਦ ਲਾਲ ਜੀ ਵੀ ਕਹਿਦੇ ਹਨ :-

ਖਲਕ ਖਾਲਕ ਕੀ ਜਾਣ ਕੇ ਖਲਕ ਦੁਖਾਵੈ ਨਾਹਿ ॥
ਖਲਕ ਦੁਖੇ ਜਬ ਨੰਦ ਜੀ ਖਾਲਕ ਕੋਪੇ ਤਾਹਿ ॥

* * *

ਪ੍ਰੇਮ ਭੇਟਾ ਵੱਲੋਂ :-